0016
06/12/2016

2941
06/12/16

# ਦਫਤਰ ਮੁੱਖ ਚੋਣ ਅਫਸਰ, ਪੰਜਾਬ
# OFFICE OF THE
# CHIEF ELECTORAL OFFICER, PUNJAB

(SCO No. 29-30, Sector 17-E, Chandigarh)
Phone :0172-2704701,2724037,2704779. Fax: 0172-2707970 Email:- ceo_punjab@eci.gov.in, jtceo_punjab@eci.gov.in

**ਤੁਰੰਤ/ਜਰੂਰੀ**

ਨੰ.ਚੋਣ-2016/ਅਡ-ਸ਼ਿਕਾਇਤ (ਐਮ.ਸੀ.ਸੀ.)-211

ਸੇਵਾ ਵਿਖੇ

1. ਵਧੀਕ ਮੁੱਖ ਸਕੱਤਰ,
   ਸਥਾਨਕ ਸਰਕਾਰ, ਪੰਜਾਬ ਚੰਡੀਗੜ੍ਹ।
2. ਸਕੱਤਰ, ਲੋਕ ਨਿਰਮਾਣ ਵਿਭਾਗ (ਭ ਅਤੇ ਮ), ਪੰਜਾਬ,
   ਚੰਡੀਗੜ੍ਹ।
3. ਸਕੱਤਰ, ਸੂਚਨਾਂ ਤੇ ਲੋਕ ਸੰਪਰਕ ਵਿਭਾਗ, ਪੰਜਾਬ,
   ਚੰਡੀਗੜ੍ਹ।
4. ਸਕੱਤਰ, ਦਿਹਾਤੀ ਵਿਕਾਸ ਅਤੇ ਪੰਚਾਇਤਾਂ,
   ਪੰਜਾਬ ਚੰਡੀਗੜ੍ਹ।
5. ਸਕੱਤਰ, ਪਬਲਿਕ ਹੈਲਥ, ਪੰਜਾਬ
   ਚੰਡੀਗੜ੍ਹ।

ਮਿਤੀ ਚੰਡੀਗੜ੍ਹ, 03 ਦਸੰਬਰ 2016

ਮਿਤੀ 02.12.2016 ਦੀ ਟ੍ਰਿਬਿਊਨ ਅਖਬਾਰ ਵਿੱਚ ਛਪੀ ਖਬਰ "New turf for ad war: Pillars, Walls" (ਕਾਪੀ ਨੱਥੀ) ਅਧੀਨ ਫੋਟੋਆਂ ਵਿੱਚ ਵਿਖਾਇਆ ਗਿਆ ਹੈ ਕਿ ਸਰਕਾਰੀ ਬਿਲਡਿੰਗਾਂ ਨੂੰ ਰਾਜਨੀਤਿਕ ਪਾਰਟੀਆਂ ਵੱਲੋਂ ਹੁਣੇ ਤੋਂ ਹੀ ਆਉਣ ਵਾਲੀਆਂ ਚੋਣਾਂ ਦੇ ਸਬੰਧ ਵਿੱਚ ਪ੍ਰਚਾਰ ਹਿਤ ਵਰਤਿਆ ਜਾਣਾ ਅਰੰਭ ਕੀਤਾ ਜਾ ਚੁੱਕਾ ਹੈ। ਇਹ ਨਾ ਕੇਵਲ ਡਿਫੇਸਮੈਂਟ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਹੈ ਬਲਕੇ ਮਾਡਲ ਕੋਡ ਆਫ ਕੰਡਕਟ ( ਜੋ ਭਾਵੇਂ ਲਾਗੂ ਨਹੀਂ ਹੋਇਆ) ਅਨੁਸਾਰ ਵੀ ਵਾਜਬ ਨਹੀਂ ਹੈ। ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਉਮੀਦਵਾਰ ਨੂੰ ਆਪਣੇ ਪ੍ਰਚਾਰ ਹਿਤ ਸਰਕਾਰੀ ਇਮਾਰਤਾਂ ਨੂੰ ਵਰਤਣ ਤੋਂ ਸੰਕੋਚ ਕੀਤਾ ਜਾਣਾ ਹੈ ਇਸ ਸਬੰਧੀ ਸਾਰੀਆਂ ਰਾਜਨੀਤ੍ਰਿਕ ਪਾਰਟੀਆਂ ਨੂੰ ਗਿਆਨ ਵੀ ਹੈ। ਸਰਕਾਰੀ ਇਮਾਰਤਾਂ, ਗਲੀਆਂ, ਬਿਜਲੀ ਦੇ ਖੰਭੇ, ਦਰੱਖਤ ਆਦਿ ਨੂੰ ਡਿਫੇਸਮੈਂਟ ਹੋਣ ਤੋਂ ਬਚਾਉਣਾ ਸਬੰਧਤ ਮਹਿਕਮੇਂ ਦੇ ਅਧਿਕਾਰੀਆਂ ਦੀ ਨਿੱਜੀ ਜਿੰਮੇਵਾਰੀ ਹੈ। The Punjab Prevention of Defacement of Property Act, 1997 ਦੀ ਧਾਰਾ 3 ਤਹਿਤ ਤਾਂ ਕਾਰਵਾਈ ਕਿਸੇ ਵੇਲੇ ਵੀ ਸਬੰਧਤ ਅਧਿਕਾਰੀ ਵੱਲੋਂ ਅਮਲ ਵਿੱਚ ਲਿਆਉਂਦੀ ਜਾ ਸਕਦੀ ਹੈ (ਕਾਪੀ ਨੱਥੀ ਹੈ)। ਪਰ ਆਮ ਤੌਰ ਤੇ ਸਬੰਧਤ

ਅਧਿਕਾਰੀ ਇਸ ਐਕਟ ਤਹਿਤ ਕਾਰਵਾਈ ਕਰਨ ਤੋਂ ਅਵੇਸਲਾਪਣ ਦਿਖਾਉਂਦੇ ਹਨ। ਇਸ ਅਵੇਸਲੇਪਣ ਕਾਰਨ ਹੀ ਰਾਜਨੀਤਿਕ ਪਾਰਟੀਆਂ ਇਸ ਦਾ ਨਜਾਇਜ ਫਾਇਦਾ ਉਠਾਉਂਦੀਆਂ ਹਨ ਜਿਸ ਦੀ ਮੂਹ ਬੋਲਦੀ ਤਸਵੀਰ ਅੱਜ ਦੀ ਉਕਤ ਛਪੀ ਖਬਰ ਵਿੱਚ ਫੋਟੋਆਂ ਹਨ।

2. ਇਥੇ ਆਪਦਾ ਧਿਆਨ ਭਾਰਤ ਚੋਣ ਕਮਿਸ਼ਨ ਦੇ ਪੱਤਰ ਨੰ 56/4/LET/ECI/FUNC/PP/PPS-II/2015, ਮਿਤੀ 07.10.2016 ਵੱਲ ਦਿਵਾਇਆ ਜਾਂਦਾ ਹੈ ਜਿਸ ਅਨੁਸਾਰ ਕੋਈ ਵੀ ਸਰਕਾਰੀ ਖਰਚੇ/ਸਰਕਾਰੀ ਪ੍ਰਾਪਰਟੀ ਤੇ ਕੀਤੀ ਗਈ ਇਸ਼ਤਿਹਾਰਬਾਜੀ ਕਿਸੇ ਵੀ ਇੱਕ ਰਾਜਨੀਤਿਕ ਪਾਰਟੀ ਦੇ ਹਿੱਤ ਵਿੱਚ ਨਹੀਂ ਜਾਣੀ ਚਾਹੀਦੀ, ਜੇ ਜਾਂਦੀ ਹੈ ਤਾਂ ਕਮਿਸ਼ਨ ਵੱਲੋਂ ਉਸ ਦਾ ਬੜਾ ਸਖਤ ਨੋਟਿਸ ਲਿਆ ਜਾਣਾ ਹੈ।

3. ਕਿਰਪਾ ਕਰਕੇ ਉਕਤ ਸਬੰਧੀ ਆਪ ਆਪਣੇ ਵਿਭਾਗ ਨਾਲ ਸਬੰਧਤ ਸਾਰੀਆਂ ਬਿਲਡਿੰਗਾਂ ਜਿਹੜੀਆਂ ਕਿ ਕਿਸੇ ਵੀ ਰਾਜਨੀਤਿਕ ਪਾਰਟੀ ਵੱਲੋਂ ਡਿਫੇਸ ਕੀਤੀਆਂ ਗਈਆਂ ਹੋਣ, ਫੌਰੀ ਤੌਰ ਤੇ ਹੋਏ ਰਾਜਨੀਤਿਕ ਪ੍ਰਚਾਰ ਨੂੰ ਹਟਾਉਣ ਦਾ ਪ੍ਰਬੰਧ ਕਰਨ। ਚੋਣਾਂ ਸਬੰਧੀ ਚੋਣ ਜਾਬਤਾ ਕਿਸੇ ਵੇਲੇ ਵੀ ਲੱਗ ਸਕਦਾ ਹੈ। ਜੇਕਰ ਉਸ ਸਮੇਂ ਤੱਕ ਇਹ ਡਿਫੇਸਮੈਂਟ ਹਟਾਈ ਨਹੀਂ ਜਾਂਦੀ ਤਾਂ ਸਬੰਧਤ ਵਿਭਾਗ ਦਾ ਮੁੱਖੀ ਜਿੰਮੇਵਾਰ ਨਾਮਜਦ ਕੀਤਾ ਜਾ ਸਕਦਾ ਹੈ। ਇਸ ਲਈ ਫੌਰੀ ਕਾਰਵਾਈ ਕਰਦੇ ਹੋਏ ਜਿਸ ਦੇ ਵਿਭਾਗ ਨਾਲ ਵੀ ਸਬੰਧਤ ਉਕਤ ਫੋਟੋਆਂ ਤੇ ਡਿਫੇਸਮੈਂਟ ਹੋਈ ਹੈ ਜਾਂ ਇਸ ਤੋਂ ਇਲਾਵਾ ਪੰਜਾਬ ਵਿੱਚ ਕਿਸੇ ਵੀ ਥਾਂ ਤੇ ਸਰਕਾਰੀ ਪ੍ਰੋਪਰਟੀ ਨਾਲ ਸਬੰਧਤ ਅਜਿਹਾ ਰਾਜਨੀਤਿਕ ਪ੍ਰਚਾਰ ਕੀਤਾ ਗਿਆ ਹੋਵੇ ਤਾਂ ਉਸ ਨੂੰ ਫੌਰੀ ਤੌਰ ਤੇ ਹਟਾਉਣ ਦੇ ਪ੍ਰਬੰਧ ਕੀਤੇ ਜਾਣ ਅਤੇ ਇਸ ਦੀ ਰਿਪੋਰਟ ਅਗਲੇ 3 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਇਸ ਦਫਤਰ ਨੂੰ ਭੇਜੀ ਜਾਵੇ।

ਮੁੱਖ ਚੋਣ ਅਫਸਰ, ਪੰਜਾਬ।

ਪਿੱਠ ਅੰਕਣ ਨੰ. ਚੋਣ-2016- 212 ਮਿਤੀ ਚੰਡੀਗੜ੍ਹ, 03 ਦਸੰਬਰ, 2016

ਉਤਾਰਾ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੀ ਪੱਧਰ ਤੇ ਵੀ ਜਿਲ੍ਹਾ ਪੱਧਰ ਦੇ ਸਾਰੇ ਅਧਿਕਾਰੀਆਂ ਨੂੰ ਅਜਿਹੀਆਂ ਹਦਾਇਤਾਂ ਜਾਰੀ ਕਰਨ।

ਮੁੱਖ ਚੋਣ ਅਫਸਰ, ਪੰਜਾਬ।

ਦਫਤਰ ਜ਼ਿਲ੍ਹਾ ਚੋਣ ਅਫਸਰ, ਅੰਮ੍ਰਿਤਸਰ।

ਪਿੱਠ ਅੰਕਣ ਨੰ. ਚੋਣ 2016/1806 ਮਿਤੀ 05/12/2016

ਅਸਲ ਰੂਪ ਵਿੱਚ ਪੱਤਰ ਦੀ ਕਾਪੀ:- I. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ II. ਸਮੂਹ ROs III. ਸਮੂਹ ਵਿਭਾਗਾਂ ਦੇ ਮੁੱਖੀ IV. COP city & SSP Rural ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਦਫਤਰ ਡਿ.ਕ. ਸਿੱਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ।

ਪੱਤਰ ਨੰ: ਪੀ.3/2016/5051 ਮਿਤੀ 08/12/16

ਉਪਰੋਕਤ ਦਾ ਉਤਾਰਾ, ਜ਼ਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਯਕੀਨੀ ਬਣਾਈ ਜਾਵੇ।

ਜ਼ਿ.ਸਿ. ਸਿੱਖਿਆ ਅਫਸਰ (ਸੈ) ਅੰਮ੍ਰਿਤਸਰ 8.12.16